ਜਾਰਜ ਡਬਲਿਊ. ਐਮ. ਰੀਨਾਲਡਸ ਦਾ ਉਹ ਰੰਗੀਨ ਨਾਵਲ
ਜਿਸ ਨੇ ਅੰਗਰੇਜ਼ੀ ਸਾਹਿਤ ਵਿਚ ਧਮਾਕਾ ਮਚਾ ਦਿਤਾ

ਅਭੋਲ ਪੰਛੀ

—0—

G 447

ਆਤਮਾ

ਪ੍ਰੰਤੂ ਉਸਦੀ ਉਡਾਰੀ ਖੋਹਣ, ਉਸ ਦੀ ਸ਼ੁਹਰਤ ਮੇਟਣ, ਉਸ ਦੀ ਪਵਿਤਰਤਾ ਦੀ ਹਡੀ ਪਸਲੀ ਚੂਰ ਚੂਰ ਕਰਨ ਅਤੇ ਕਾਲ ਕੋਠੜੀ ਵਿਚ ਪੁਚਾਣ ਵਾਲੀ ਦਾ ਅੰਤ ਵੀ ਤੁਹਾਡੇ ਲੂੰ ਕੰਡੇ ਖੜੇ ਕਰ ਦੇਵੇਗਾ।

ਅਨੁਵਾਦਕ—
ਬਲਵੰਤ ਸਿੰਘ ਸਜਦ

ਪ੍ਰਕਾਸ਼ਕ—
ਸੀਤਲ ਸਾਹਿਤ ਭਵਨ ਅੰਮ੍ਰਿਤਸਰ
ਪ੍ਰਿੰਟਰ—ਮਿ: ਸ਼ਮਸ ਦੀਨ "ਪੰਜਾਬ ਲਿਟ੍ਰੇਰੀ ਪ੍ਰੈਸ" ਅੰਮ੍ਰਿਤਸਰ

30222

ਤਕਿਆ ਜੇ ?

ਕਦੀ ਤੁਸਾਂ ਉੱਚੇ ਅਕਾਸ਼ ਵਿਚ ਉਡਾਰੀਆਂ ਮਾਰਦੇ ਕਿਸੇ ਪੰਛੀ ਨੂੰ ਤੀਰ ਖਾ ਕੇ ਖੰਭ ਫੜਫੜਾਂਦਾ ਤੇ ਤੜਪਦੇ ਹਿਰਦੇ ਨਾਲ ਧਰਤੀ ਵਲ ਆਉਂਦਾ ਤਕਿਆ ਜੇ ? ਅਤੇ ਤਕ ਕੇ ਤੁਹਾਡੇ ਹਿਰਦੇ ਵਿਚ ਕੁਝ ਹੋਇਆ ਨਹੀਂ ? ਜ਼ਰੂਰ ਤੁਹਾਡੇ ਦਿਲ ਵਿਚੋਂ ਤਰਸ ਤੇ ਹਮਦਰਦੀ ਉਮਲ ਪਈ ਹੋਵੇਗੀ ਕਿਉਂਕਿ ਨੀਲੇ ਆਕਾਸ਼ ਦੇ ਪਵਿਤਰ ਗਗਨ ਮੰਡਲਾਂ ਵਿਚ ਉਡਾਰੀ ਦਾ ਤਸੱਵਰ ਜਿਤਨਾ ਸਵਾਦਲਾ ਹੈ ਤੀਰ ਖਾ ਕੇ ਭੋਂਏ ਨਾਲ ਪਟਕੇ ਜਾਣ ਲਈ ਹੇਠਾਂ ਆਉਣ ਦਾ ਦ੍ਰਿਸ਼ ਉਤਨਾ ਹੀ ਭਿਆਨਕ.....ਪ੍ਰੰਤੂ ਤੀਰ ਅੰਦਾਜ਼ ਇਸ ਭਿਆਨਕਤਾ ਉਤੇ ਮੁਸਕਰਾਂਦਾ ਹੈ । ਉਹ ਸਹਿਜ ਸੁਭਾ ਅਗੇ ਹੋ ਕੇ ਤੜਫਦੇ ਪੰਛੀ ਵਲ ਵੇਖਦਾ ਅਤੇ ਆਪਣੇ ਨਿਸ਼ਾਨੇ ਲਗੇ ਤੀਰ ਤੇ ਮੁਗਧ ਹੁੰਦਾ

ਸਿਥਲ ਹੁੰਦੇ ਖੰਭਾਂ ਨੂੰ ਬੇਦਰਦੀ ਨਾਲ ਫੜ ਲੈਂਦਾ ਹੈ, ਜਿਨ੍ਹਾਂ ਦੇ ਆਸਰੇ ਉਹ ਪੰਖੇਰੂ ਪਲ ਕੁ ਪਹਿਲਾਂ ਧਰਤੀ ਵਾਲਿਆਂ ਲਈ ਇਕ ਅਚੰਭਾ ਬਣੀ ਆਕਾਸ਼ ਨਾਪ ਰਿਹਾ ਸੀ। ਤੀਰ ਅੰਦਾਜ਼ ਦੇ ਦਿਲ ਵਿਚ ਤਰਸ ਨਹੀਂ ਆ ਸਕਦਾ ਕਿਉਂਕਿ ਉਸ ਦੀ ਸਵਾਦ੍ਰਿਸ਼ਟ ਭੁਖ-ਪੂਰਤੀ ਦੀ ਲਾਲਸਾ ਨੇ ਹੀ ਤੀਰ ਨੂੰ ਭਥੇ ਵਿਚੋਂ ਕਢ ਕਮਾਨ ਤੇ ਰਖ ਕੇ ਖਿਚਿਆ ਸੀ।

ਇਸ ਨਾਵਲ ਵਿਚ ਤੁਸੀ ਅਨੋਖੇ ਤੇ ਪਾਪੀ ਤੀਰ ਅੰਦਾਜ਼ ਨੂੰ ਤੀਰ ਦੀਆਂ ਅਣੀਆਂ ਤੇਜ਼ ਕਰਦੇ, ਕਮਾਨ ਤੇ ਧਰਦੇ, ਨਿਸ਼ਾਨਾ ਬੰਨ੍ਹਦੇ ਤਕ ਕੇ ਆਖੋਗੇ, "ਕਾਸ਼ ! ਪੰਛੀ ਬਚ ਜਾਵੇ।" ਪੰਛੀ ਬਚਣ ਦਾ ਅਕਾਰਥ ਯਤਨ ਕਰਦਾ ਹੈ। ਪ੍ਰੰਤੂ ਬਹੁਤ ਦੇਰ ਨਾਲ ਤੀਰ ਅੰਦਾਜ਼ ਦਾ ਤੀਰ ਧਾਤ (Metal) ਦਾ ਨਹੀਂ । ਅਣੀਆਂ ਨੂੰ ਲੋਹਾਰ ਦੀ ਕੋਈ ਵਸਤੂ ਤੇਜ਼ ਨਹੀਂ ਕਰਦੀ। ਸ਼ਿਕਾਰ ਹੋਣ ਵਾਲਾ ਆਪ ਹੋਰਨਾਂ ਨੂੰ ਪਾਪ-ਖਾਈ ਤੋਂ ਬਚਣ ਤੇ ਪਵਿਤਰਤਾ ਦੇ ਉਚੇ ਮੰਡਲਾਂ ਵਿਚ ਉਡਾਰੀ ਮਾਣਨ ਦੀ ਪ੍ਰੇਰਨਾ ਕਰਨ ਵਾਲਾ ਹੈ। ਪਰ ਫਿਰ ਸ਼ਿਕਾਰਿਆ ਜਾਂਦਾ ਹੈ। ਸ਼ਿਕਾਰੀ ਆਪ ਬੜੇ ਕੋਮਲ ਅੰਗਾਂ ਦਾ ਮਾਲਕ ਹੈ ਪ੍ਰੰਤੂ ਉਸ ਦਾ ਤੀਰ ਸ਼ਿਕਾਰ ਨੂੰ ਕੇਵਲ ਉਚੀ ਉਡਾਰੀ ਤੋਂ ਹੀ ਵਾਂਜਿਆ ਨਹੀਂ ਕਰਦਾ ਬਲਕਿ ਭੋਏਂ ਤੇ ਪਟਕ ਕੇ ਬਦਨਾਮੀ ਦੀ ਮੌਤ ਮਾਰਦਾ ਹੈ। ਤੀਰ ਵੀ ਉਤਨਾ ਹੀ ਨਾਜ਼ਕ ਹੈ ਜਿਤਨਾ ਸ਼ਿਕਾਰੀ, ਪ੍ਰੰਤੂ ਸ਼ਿਕਾਰ ਦੀ ਭਿਆਨਕ ਅਵਸਥਾ ਨੈਨ ਦੁਗਾੜਿਆਂ ਦੀ ਅਲੋਪ ਸ਼ਕਤੀ ਦਾ ਸਬੂਤ ਹੈ।

ਇਸ ਸ਼ਿਕਾਰੀ ਦੀ ਭੁਖ ਵੀ ਸਰੀਰਕ ਭੁਖ ਹੈ ਪ੍ਰੰਤੂ ਅਜੇਹੀ ਸਰੀਰਕ ਭੁਖ ਨਹੀਂ ਜਿਸ ਦੀ ਪੂਰਤੀ ਖੁਰਾਕ ਦੇ ਬਤੀ ਦੰਦਾਂ ਵਿਚਕਾਰੋਂ ਲੰਘ ਕੇ ਪੇਟ ਵਿਚ ਚਲੇ ਜਾਣ ਤੇ ਸ਼ਰੀਰ ਦੇ ਅੰਗਾਂ ਵਿਚ ਤੰਦਰੁਸਤੀ ਖਲੇਰਦੀ ਹੈ। ਇਹ ਐਸੀ ਭੁਖ ਹੈ, ਜਿਸ ਨਾਲ ਖੁਰਾਕ ਅਤੇ ਖਾਣ ਵਾਲਾ ਅੰਤ ਵਿਚ ਦੋਵੇਂ ਖਾਧੇ ਜਾਂਦੇ ਹਨ। ਸ਼ਿਕਾਰੀ ਨੂੰ ਉਸ ਸਮੇਂ, ਜਦੋਂ ਉਹ ਤੀਰ ਨਾਲ ਨਿਸ਼ਾਨਾ ਬਨ੍ਹੀ ਆਪਣੇ ਸ਼ਿਕਾਰ ਨੂੰ ਅਕਾਸ਼ੋਂ ਧਰਤ ਤੇ ਲਿਆਣ ਦੀ ਤਦਬੀਰ ਕਰ ਰਿਹਾ ਹੁੰਦਾ ਹੈ—ਇਹ ਕਦੇ ਖਿਆਲ ਵੀ ਨਹੀਂ ਆ

ਸਕਦਾ ਕਿ ਜਿਹੜਾ ਤੀਰ ਉਸ ਦੀ ਕਮਾਨ ਵਿਚੋਂ ਨਿਕਲ ਰਿਹਾ ਹੈ, ਉਹ ਸ਼ਿਕਾਰ ਨੂੰ ਤਾਂ ਜ਼ਰੂਰ ਸੀਨਾ ਵਿੰਨ ਕੇ ਉਸ ਦੇ ਪੈਰਾਂ ਵਿਚ ਲਿਆ ਸੁਟੇਗਾ। ਪ੍ਰੰਤੂ ਉਸ ਤੋਂ ਬਾਹਦ ਸ਼ਿਕਾਰੀ ਨੂੰ ਵੀ ਭਿਆਨਕ ਮੌਤ ਮਾਰੇਗਾ।

ਇਸ ਨਾਵਲ ਨੂੰ ਤੁਸੀ ਸਵਾਦ ਸਵਾਦ ਵਿਚ ਇਕ ਵੇਰ ਨਹੀਂ, ਕਈ ਵੇਰ ਪੜ੍ਹ ਜਾਉਗੇ, ਪ੍ਰੰਤੂ ਅਨੁਵਾਦਿਕ ਦੀ ਬੇਨਤੀ ਹੈ ਕਿ ਜਿਸ ਆਸ਼ੇ ਨੂੰ ਸਨਮੁਖ ਰਖ ਕੇ ਜਾਰਜ ਡਬਲਿਊ. ਰੀਨਾਲਡਸ ਦਾ ਇਹ ਨਾਵਲ ਪੰਜਾਬੀ ਜਾਮੇ ਵਿਚ ਲਿਆਂਦਾ ਗਿਆ ਹੈ, ਉਹ ਤਦ ਹੀ ਪੂਰਨ ਹੋ ਸਕਦਾ ਹੈ ਜੇ ਤੁਸੀ ਨਾਵਲ ਪੜ੍ਹਨ ਤੋਂ ਬਾਹਦ ਪਾਤਰਾਂ ਸਬੰਧੀ ਸੋਚ ਲਈ ਵੀ ਥੋੜਾ ਜਿਹਾ ਵਕਤ ਕਢ ਸਕੋ। ਉਸ ਹਾਲਤ ਵਿਚ ਤੁਹਾਡੇ ਜੀਵਨ ਵਿਚ ਇਸ ਨਾਵਲਦੇ ਪਾਤਰਾਂ ਦਾ ਚਲਨ ਤੇ ਉਸ ਦੇ ਅਸਰ ਦੀ ਯਾਦ ਦੀ ਰਹੀ ਹੋਈ ਧੁੰਧਲੀ ਜਹੀ ਲਕੀਰ ਸ਼ਾਇਦ ਤੁਹਾਡੀਆਂ ਕਈ ਗੁੰਝਲਾਂ ਸੁਲਝਾ ਸਕੇ।

ਅਨੁਵਾਦਿਕ—

ਕਾਂਗੜਾ ਵੈਲੀ — ਬਲਵੰਤ ਸਿੰਘ ਸਜਦ

ਕਾਰਨ ਕਾਂਡ

ਸਰਦੀਆਂ ਦੀ ਸਵੇਰ ਹੌਲੀ ਹੌਲੀ, ਡਰਦੇ ਡਰਦੇ, ਹਨੇਰੇ ਦੇ ਪਰਦੇ ਥਲਿਉਂ ਇਸ ਤਰ੍ਹਾਂ ਨਿਕਲਣ ਦਾ ਯਤਨ ਕਰ ਰਹੀ ਸੀ, ਜਿਸ ਤਰ੍ਹਾਂ ਕੋਈ ਕੈਦੀ ਜੇਲ ਵਿਚੋਂ ਛੁਪ ਕੇ ਨਸਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਲੰਡਨ ਦੇ "ਟੈਵੀ ਸਟਾਕ ਸੁਕੇਅਰ" ਵਿਚ ਜਿਥੇ ਪ੍ਰਸਿੱਧ ਡਈਸ ਸਰ ਰਾਬਰਟ ਹਾਰਬਰੋ ਦਾ ਮਕਾਨ ਸੀ, ਹਰ ਪਾਸੇ ਡੂੰਘੀ ਚੁਪ ਦਾ ਰਾਜ ਸੀ। ਚੁਪ ਨੂੰ ਤੋੜਨ ਵਾਲੀਆਂ ਆਵਾਜ਼ਾਂ ਜਾਂ ਤਾਂ ਦੁਧ-ਗਾਡੀਆਂ ਦੀ ਚੀਕੂੰ ਚੀਕੂੰ ਸੀ ਜਾਂ ਅਖਬਾਰ ਵੇਚਣ ਵਾਲੇ ਮੁੰਡਿਆਂ ਦੇ ਨਾਹਰੇ ਸਨ ਜਿਸ ਨਾਲ ਉਹ ਇਨ੍ਹਾਂ ਲੋਕਾਂ ਵਿਚੋਂ ਕਿਸੇ ਕਿਸੇ ਨੂੰ, ਜਿਹੜੇ ਆਪਣੇ ਗਰਮ ਤੇ ਨਰਮ ਬਿਸਤਰਿਆਂ ਵਿਚ ਪਏ ਆਰਾਮ ਨਾਲ ਡੂੰਘੀਆਂ ਤੇ ਮਿਠੀਆਂ ਨੀਂਦਾਂ ਮਾਣ ਰਹੇ ਸਨ—ਆਪਣਾ ਅਖਬਾਰ ਵੇਚਣ ਦੀ ਪਰੇਰਨਾ ਕਰਨ ਵਿਚ ਸਫਲ ਹੋ ਜਾਂਦੇ।

ਸਤ ਵਜਣ ਵਿਚ ਦੇਰੀ ਦੇਰ ਸੀ ਕਿ ਸਰ ਰਾਬਰਟ ਪੈਰਾਂ ਵਿਚ ਸਲੀਪਰ ਤੇ ਗਲ ਵਿਚ ਡਰੈਸਿੰਗ ਗੌਨ ਪਾਈ,

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.